9/11/2022

# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਸਿੱਖਿਆ ਭਵਨ
ਚੌਥੀ ਮੰਜਿਲ, ਐਸ.ਏ.ਐਸ. ਨਗਰ
(ਸੈਕੰਡਰੀ ਸਿੱਖਿਆ ਸਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ ।

ਮੀਮੋ ਨੰ. ਈ- 407656 -2022 ਸੈਸਿ (2)|2022288523
ਮਿਤੀ ਸ.ਅ.ਸ ਨਗਰ 7|11|2022

ਵਿਸ਼ਾ :- ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22 ਸਬੰਧੀ ।

ਉਪਰੋਕਤ ਵਿਸ਼ੇ ਤੇ ਡਾਇਰੈਕਟਰ ਯੁਵਕ ਸੇਵਾਵਾਂ ਪੰਜਾਬ, ਯੁਵਾ ਭਵਨ, ਸੈਕਟਰ-42 ਏ, ਚੰਡੀਗੜ੍ਹ ਤੋਂ ਪ੍ਰਾਪਤ ਪੱਤਰ ਮਿਤੀ 20-10-22 ਦੀ ਕਾਪੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਸਾਲ 2021-22 ਲਈ ਪੰਜਾਬ ਦੇ ਚੋਣਵੇ ਨੌਜਵਾਨਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਦਿੱਤੇ ਜਾਣੇ ਹਨ ।

2.0 ਇਹ ਯੁਵਾ ਪੁਰਸਕਾਰ ਉਨ੍ਹਾ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ, ਜੋ ਯੁਵਕ ਸਰਗਰਮੀਆਂ ਦੇ ਖੇਤਰ ਵਿੱਚ ਉੱਘਾ ਤੇ ਸਲਾਘਾਯੋਗ ਯੋਗਦਾਨ ਪਾਉਂਦੇ ਹਨ । ਇਸ ਪੁਰਸਕਾਰ ਲਈ ਚੁਣੇ ਹੋਏ ਯੁਵਕ/ਯੁਵਤੀਆਂ ਨੂੰ 51,000/- ਰੁਪਏ, ਇੱਕ ਮੈਡਲ, ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ । ਇਨ੍ਹਾਂ ਉਮੀਦਵਾਰਾ ਦੀ ਉਮਰ ਮਿਤੀ 31-3-2022 ਨੂੰ 15 ਸਾਲ ਤੋਂ ਘੱਟ ਅਤੇ 35 ਸਾਲ ਤੋਂ ਵੱਧ ਨਹੀਂ ਹੋਈ ਚਾਹੀਦੀ, ਬਾਕੀ ਯੋਗਤਾਵਾਂ ਦਾ ਵੇਰਵਾ ਪੱਤਰ ਵਿੱਚ ਦਰਜ ਹੈ ।

3.0 ਇਸ ਅਵਾਰਡ ਲਈ ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਲੜਕੇ/ਲੜਕੀਆਂ ਦੀਆਂ ਨੱਥੀ ਪ੍ਰਫਾਰਮੇ ਅਨੁਸਾਰ ਅਰਜੀਆਂ ਪ੍ਰਾਪਤ ਕਰਕੇ ਮਿਤੀ 30-11-2022 ਤੋ ਪਹਿਲਾਂ ਸਿੱਧੇ ਤੌਰ ਤੇ ਡਾਇਰੈਕਟੋਰੇਟ, ਯੁਵਕ ਸੇਵਾਵਾਂ ਵਿਭਾਗ, ਪੰਜਾਬ, ਸੈਕਟਰ-42 ਏ ਚੰਡੀਗੜ੍ਹ ਨੂੰ ਭੇਜੀਆਂ ਜਾਣ ਅਤੇ ਸੂਚਨਾ ਇਸ ਦਫਤਰ ਨੂੰ ਵੀ ਭੇਜੀ ਜਾਵੇ ।

ਨੱਥੀ – ਉਕਤ ਅਨੁਸਾਰ

ਸਹਾਇਕ ਡਾਇਰੈਕਟਰ (ਸੈਸਿ)

ਪਿੱਠ ਅੰਕਣ ਨੰ. ਉਕਤ

ਮਿਤੀ ਸ.ਅ.ਸ ਨਗਰ 7|11|2022

ਉਪੋਰਕਤ ਦਾ ਉਤਾਰਾ ਡਾਇਰੈਕਟਰ, ਯੁਵਕ ਸੇਵਾਵਾਂ ਪੰਜਾਬ, ਸੈਕਟਰ-42 ਏ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜੀਆ ਜਾਂਦਾ ਹੈ ।

ਸਹਾਇਕ ਡਾਇਰੈਕਟਰ (ਸੈਸਿ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪੱਤਰ ਨੰ: ਜੀ-1/1 ()2022/1875 ਮਿਤੀ: 09/11/2022
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਬਠਿੰਡਾ

ਡਾਇਰੈਕਟਰ,ਯੁਵਕ ਸੇਵਾਵਾਂ ਪੰਜਾਬ, ਯੁਵਾ ਭਵਨ,ਸੈਕਟਰ-42 ਏ, ਚੰਡੀਗੜ੍ਹ।

(ਈ-ਮੇਲ, youthservices.punjab@gmail.com, 0172-2603379)

ਸੇਵਾ ਵਿਖੇ

1.ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

2.ਡਾਇਰੈਕਟਰ,ਸਿੱਖਿਆ ਵਿਭਾਗ (ਕਾਲਜ), ਪੰਜਾਬ।

3.ਡਾਇਰੈਕਟਰ, ਖੇਡ ਵਿਭਾਗ,ਪੰਜਾਬ।

4.ਡਾਇਰੈਕਟਰ, ਸਿੱਖਿਆ ਵਿਭਾਗ (ਸ) ਪੰਜਾਬ।

5.ਰੀਜਨਲ ਡਾਇਰੈਕਟਰ,ਐਨ.ਐਸ.ਐਸ.ਚੰਡੀਗੜ੍ਹ।

6.ਸਟੇਟ ਡਾਇਰੈਕਟਰ,ਨਹਿਰੂ ਯੁਵਾ ਕੇਂਦਰ, ਪੰਜਾਬ।

7. ਰਾਜ ਦੇ ਸਮੂਹ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ।

8.ਸਮੂਹ ਯੂਨੀਵਰਸਿਟੀਆ ਦੇ ਡਾਇਰੈਕਟਰ,ਯੁਵਕ ਭਲਾਈ।

9.ਸਮੂਹ ਯੂਨੀਵਰਸਿਟੀਆ ਦੇ ਪ੍ਰੋਗਰਾਮ ਕੋਆਰਡੀਨੇਟਰ,ਐਨ.ਐਸ.ਐਸ।

ਮੀਮੋ ਨੰ:ਡਜਸ/ਸਟੈਨੇ-2/2022/ ੬੮੬੨-੬੬੭੦

ਮਿਤੀ: 20/10/22

ਵਿਸ਼ਾ:- **ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22 ਸਬੰਧੀ।**

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਭਾਗ ਵਲੋਂ ਪੰਜਾਬ ਦੇ ਚੋਣਵੇਂ ਨੌਜਵਾਨਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਦੇਣ ਦੀ ਤਜ਼ਵੀਜ ਹੈ।

2. ਇਹ ਯੁਵਾ ਪੁਰਸਕਾਰ ਉਨ੍ਹਾ ਨੌਜਵਾਨਾਂ ਨੂੰ ਦਿੱਤਾ ਜਾਂਦਾ ਹੈ, ਜੋ ਯੁਵਕ ਸਰਗਰਮੀਆਂ ਦੇ ਖੇਤਰ ਵਿੱਚ ਉੱਘਾ ਤੇ ਸਲਾਘਾਯੋਗ ਯੋਗਦਾਨ ਪਾਉਂਦੇ ਹਨ।ਇਸ ਪੁਰਸਕਾਰ ਲਈ ਚੁਣੇ ਹੋਏ ਯੁਵਕ/ਯੁਵਤੀਆ ਨੂੰ 51,000/- ਰੁਪਏ,ਇੱਕ ਮੈਡਲ,ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

3. ਇਸ ਪੱਤਰ ਨਾਲ ਆਪ ਜੀ ਨੂੰ ਨਿਰਧਾਰਤ ਪ੍ਰੋਫਾਰਮਾ/ਹਦਾਇਤਾਂ ਨੱਥੀ ਕਰਕੇ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਲੜਕੇ/ਲੜਕੀਆ ਦੇ ਨਾਂਵਾ ਦੀ ਸ਼ਿਫਾਰਸ ਜਿਲ੍ਹਿਆਂ ਦੇ ਸਹਾਇਕ ਡਾਇਰੈਕਟਰ,ਯੁਵਕ ਸੇਵਾਵਾਂ ਦੇ ਦਫਤਰ ਵਿਖੇ ਮਿਤੀ 30-11-2022 ਤੱਕ ਭੇਜੀਆ ਜਾਣ। ਇਹਨਾਂ ਪੁਰਸਕਾਰਾਂ ਦੀ ਸ਼ਿਫਾਰਸ ਜਿਲ੍ਹਾ ਪੱਧਰੀ ਕਮੇਟੀ ਵਲੋਂ ਕੀਤੀ ਜਾਵੇਗੀ, ਜਿਸਦੇ ਚੇਅਰਮੈਨ ਸਬੰਧਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਮੈਂਬਰ ਸਕੱਤਰ, ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਹੋਣਗੇ।

4. ਉਕਤ ਦੇ ਸਨਮੁੱਖ ਜਿਲ੍ਹਾ ਪੱਧਰੀ ਕਮੇਟੀ ਵਲੋਂ ਪੰਜ ਯੁਵਕ/ਯੁਵਤੀਆਂ ਦੇ ਨਾਵਾਂ ਦੀ ਸ਼ਿਫਾਰਸਾਂ ਮਿਤੀ 31-12-2022 ਤੱਕ ਡਾਇਰੈਕਟੋਰੇਟ, ਯੁਵਕ ਸੇਵਾਵਾਂ ਵਿਭਾਗ,ਪੰਜਾਬ, ਸੈਕਟਰ-42 ਏ, ਚੰਡੀਗੜ੍ਹ ਨੂੰ ਭੇਜੀਆਂ ਜਾਣ,ਤਾਂ ਜੋ ਰਾਜ ਪੱਧਰੀ ਕਮੇਟੀ ਵਲੋਂ ਇਸ ਪੁਰਸਕਾਰ ਲਈ ਯੋਗ ਉਮੀਦਵਾਰਾਂ ਦੀ ਮੈਰਿਟ ਅਨੁਸਾਰ ਚੋਣ ਕੀਤੀ ਜਾ ਸਕੇ। ਅਧੂਰੀਆਂ ਅਰਜ਼ੀਆਂ ਅਤੇ ਬਾਅਦ ਵਿਚ ਪ੍ਰਾਪਤ ਹੋਈਆ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਨੱਥੀ- (ਉਕਤ ਅਨੁਸਾਰ)

ਡਿਪਟੀ ਡਾਇਰੈਕਟਰ,

ਵਾ:ਡਾਇਰੈਕਟਰ,ਯੁਵਕ ਸੇਵਾਵਾਂ, ਵਿਭਾਗ ਪੰਜਾਬ।

ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ, ਯੁਵਾ ਭਵਨ, ਸੈਕਟਰ-42 ਏ, ਚੰਡੀਗੜ੍ਹ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22

1. ਡਾਇਰੈਕਟਰ ਯੁਵਕ ਸੇਵਾਵਾਂ, ਪੰਜਾਬ ਦੁਆਰਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਸਾਲ 2021-22 ਲਈ ਯੋਗ ਉਮੀਦਵਾਰਾਂ ਤੋਂ ਨਿਰਧਾਰਿਤ ਪ੍ਰੋਫਾਰਮੇ ਅਨੁਸਾਰ ਅਰਜੀਆਂ ਮੰਗੀਆਂ ਜਾਂਦੀਆਂ ਹਨ।ਇਸ ਪੁਰਸਕਾਰ ਲਈ ਚੁਣੇ ਗਏ ਨੌਜਵਾਨਾਂ ਨੂੰ ਇੱਕ ਮੈਡਲ, ਸਕਰੋਲ, ਸਰਟੀਫਿਕੇਟ ਅਤੇ 51,000/- ਰੁਪਏ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਇਸ ਰਾਜ ਯੁਵਾ ਪੁਰਸਕਾਰ ਲਈ ਉਹ ਨੌਜਵਾਨ ਹੀ ਯੋਗ ਹਨ, ਜਿਨ੍ਹਾਂ ਨੇ ਯੁਵਕ ਗਤੀਵਿਧੀਆਂ ਵਿੱਚ ਉੱਘਾ ਅਤੇ ਸ਼ਲਾਘਾਯੋਗ ਕੰਮ ਕੀਤਾ ਹੋਵੇ ਅਤੇ ਪਿਛਲੇ ਸਾਲਾਂ ਤੋਂ ਵੱਖੋ-ਵੱਖ ਯੁਵਕ ਗਤਵਿਧੀਆਂ ਜਿਵੇਂਕਿ ਯੁਵਕ ਭਲਾਈ ਗਤੀਵਿਧੀਆਂ, ਕੌਮੀ ਸੇਵਾ ਯੋਜਨਾ, ਐਨ.ਸੀ.ਸੀ., ਸੱਭਿਆਚਾਰਕ ਗਤੀਵਿਧੀਆਂ, ਪਰਬਤਾ-ਰੋਹਣ, ਹਾਈਕਿੰਗ-ਟਰੈਕਿੰਗ, ਖੇਡਾਂ, ਸਮਾਜ-ਸੇਵਾ, ਰਾਸ਼ਟਰੀ-ਏਕਤਾ, ਖ਼ੂਨ-ਦਾਨ, ਨਸ਼ਿਆਂ ਵਿਰੁੱਧ ਜਾਗਰੂਕਤਾ, ਵਿੱਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਿੰਗ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਆਦਿ ਵਿੱਚ ਹਿੱਸਾ ਲੈਂਦਾ ਰਿਹਾ ਹੋਵੇ।

2. ਇਸ ਪੁਰਸਕਾਰ ਲਈ ਨਿਰਧਾਰਿਤ ਪ੍ਰੋਫਾਰਮਾ ਜ਼ਿਲ੍ਹਾ ਪੱਧਰ ਤੇ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਦੇ ਦਫਤਰ ਜਾਂ ਮੁੱਖ ਦਫਤਰ ਤੋਂ ਪ੍ਰਾਪਤ ਕੀਤਾ ਜ਼ਾ ਸਕਦਾ ਹੈ।

ਯੋਗਤਾਵਾਂ:

1. ਇਹ ਪੁਰਸਕਾਰ ਪੰਜਾਬ ਦੇ ਨੌਜਵਾਨਾਂ ਲਈ ਹੈ।

2. ਉਮੀਦਵਾਰ ਦੀ ਉਮਰ ਮਿਤੀ 31-03-22 ਨੂੰ 15 ਸਾਲ ਤੋਂ ਘੱਟ ਅਤੇ ਨੂੰ 35 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

3. ਉਮੀਦਵਾਰ ਯੁਵਕ ਭਲਾਈ ਗਤੀਵਿਧੀਆਂ/ਸਮਾਜ ਸੇਵਾ ਵਿੱਚ ਸ਼ਾਮਿਲ ਹੁੰਦਾ ਰਿਹਾ ਹੋਵੇ ਅਤੇ ਪੁਰਸਕਾਰ ਪ੍ਰਾਪਤ ਹੋਣ ਉਪਰੰਤ ਵੀ 2 ਸਾਲ ਬਾਅਦ ਇਨ੍ਹਾਂ ਗਤੀਵਿਧੀਆਂ ਨੂੰ ਚਾਲੂ ਰੱਖਣ ਦਾ ਇਛੁੱਕ ਹੋਵੇ।

4. ਉਸ ਵੱਲੋਂ ਕੀਤੀਆਂ ਗਤੀਵਿਧੀਆਂ/ਸਮਾਜ ਸੇਵਾ ਅਤੇ ਨੌਜਵਾਨਾਂ ਦੇ ਵਿਕਾਸ ਵਿੱਚ ਸਹਾਈ ਹੋਣੀਆਂ ਚਾਹੀਦੀਆਂ ਹਨ।

5. ਇਸ ਪੁਰਸਕਾਰ ਲਈ ਚੋਣ ਉਸ ਦੀ ਸਮਾਜ ਸੁਧਾਰ ਵਿੱਚ ਵਾਸਤਵਿਕ ਇੱਛਾ ਅਤੇ ਪ੍ਰਤੀਨਿਧਤਾ ਦੇ ਆਧਾਰ ਤੇ ਕੀਤੀ ਜਾਵੇ।

6. ਯੁਵਕ ਗਤੀਵਿਧੀਆਂ ਦੇ ਖੇਤਰ ਵਿੱਚ ਉੱਘਾ ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਅਨੁਸੂਚਿਤ ਜਾਤੀ ਵਰਗ ਦੇ ਯੁਵਕ/ਯੁਵਤੀਆਂ ਨੂੰ ਯੋਗ ਪ੍ਰਤੀਨਿਧਤਾ ਦਿੱਤੀ ਜਾਵੇ।

7. ਇਸ ਪੁਰਸਕਾਰ ਲਈ ਯੋਗ ਉਮੀਦਵਾਰ ਆਪਣੀਆਂ ਅਰਜੀਆਂ ਅਤੇ ਪ੍ਰਾਪਤੀਆਂ ਸਬੰਧੀ ਆਪਣੀ ਪ੍ਰਤੀ-ਬੇਨਤੀ (ਦਸਤਾਵੇਜ) ਦੀ ਫਾਇਲ ਸਬੰਧਿਤ ਜ਼ਿਲ੍ਹੇ ਦੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੇ ਦਫਤਰ ਵਿੱਚ 30-11-2022 ਤੱਕ ਭੇਜ ਸਕਦੇ ਹਨ।

ਸਹੀ/-
ਡਾਇਰੈਕਟਰ, ਯੁਵਕ ਸੇਵਾਵਾਂ, ਪੰਜਾਬ।

## ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ
## ਸਾਲ-2021-22 ਲਈ ਨਿਰਧਾਰਿਤ ਪ੍ਰੋਫਾਰਮਾ

1. ਬਿਨੈਕਾਰ ਦਾ ਨਾਂ: ------------------------------

2. ਪਿਤਾ ਦਾ ਨਾਂ: ------------------------------

3. ਪੱਕਾ ਰਿਹਾਇਸ਼ੀ ਪਤਾ: ------------------------------

------------------------------

4. ਜਨਮ ਮਿਤੀ: ------------------------------

5. ਉਮਰ ਮਿਤੀ: ----ਨੂੰ----ਸਾਲ----ਮਹੀਨੇ----ਦਿਨ---

6. ਕੀ ਤੁਸੀਂ ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਨਾਲ ਸਬੰਧਿਤ ਹੋ? ਜ਼ੇਕਰ ਹੋਵੇ, ਤਾਂ ਸਬੂਤ ਵੱਜੋਂ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਲਗਾਈ ਜਾਵੇ। ------------------------------

7. ਕੀ ਤੁਸੀਂ ਸ਼ਹਿਰੀ ਹੋ ਜਾਂ ਪੇਂਡੂ ਇਲਾਕੇ ਦੇ ਰਹਿਣ ਵਾਲੇ ਹੋ? ------------------------------

8. ਕਿੱਤਾ ------------------------------

9. ਪ੍ਰਾਪਤੀਆਂ ਦਾ ਵੇਰਵਾ:-

| ਲੜੀ ਨੰ: | ਗਤੀਵਿਧੀਆਂ | ਵੱਧ ਤੋਂ ਵੱਧ ਪ੍ਰਾਪਤੀਆਂ/ਟੀਚਾ |
|---|---|---|
| 1. | | |
| ੳ) | ਪੇਂਡੂ ਵਿਕਾਸ ਕੈਂਪ | ------------------------------ |
| ਅ) | ਯੁਵਕ ਸਿਖਲਾਈ ਕੈਂਪ | ------------------------------ |
| ੲ) | ਖੂਨਦਾਨ ਕੈਂਪ | ------------------------------ |
| ਸ) | ਯੁਵਕ ਮੇਲੇ | ------------------------------ |
| ਹ) | ਸੱਭਿਆਚਾਰਕ/ਸਿੱਖਿਅਕ ਦੌਰੇ/ਟਰਿਪ | ------------------------------ |
| ਕ) | ਮਾਊਟੇਨਰਿੰਗ | ------------------------------ |
| ਖ) | ਹਾਈਕਿੰਗ-ਟਰੈਕਿੰਗ | ------------------------------ |
| ਗ) | ਅੰਤਰ-ਰਾਜੀ ਦੌਰੇ/ਸੱਭਿਆਚਾਰਕ ਵਿਚਾਰ-ਵਟਾਂਦਰਾ ਪ੍ਰੋਗਰਾਮ | ------------------------------ |
| ਘ) | ਅਧਿਆਪਕ ਸਿਖਲਾਈ ਕੈਂਪ | ------------------------------ |

2. ਖੇਡਾਂ ------------------------------

3. ਐਨ.ਸੀ.ਸੀ. ------------------------------

4. ਵਿੱਦਿਅਕ ਪ੍ਰਾਪਤੀਆਂ ------------------------------

5. ਕੌਮੀ ਏਕਤਾ ਕੈਂਪ ਬਹਾਦਰੀ ਕਾਰਨਾਮੇ ------------------------------

6. ਸਾਹਸੀ ਕਾਰਨਾਮੇ ------------------------------

7. ਕੌਮੀ ਸੇਵਾ ਯੋਜਨਾ ------------------------------

8. ਸਕਾਊਟਿੰਗ/ਗਾਈਡਿੰਗ ------------------------------

9. ਸਮਾਜ ਸੇਵਾ ਵਿੱਚ ਯੋਗਦਾਨ ------------------------------

10. ਸਾਹਸੀ ਗਤੀਵਿਧੀਆ ਜਿਵੇਂ ਹੈਂਡ ਗਲਾਈਡਿੰਗ ਜਾਂ ਹੋਰ ਗਤੀਵਿਧੀਆਂ ਜਿਹੜੀਆਂ ਪਾਣੀ ਧਰਤੀ ਜਾਂ ਹਵਾ ਉੱਪਰ ਹੋਣ ------------------------------

11. ਫੁਟਕਲ ਗਤੀਵਿਧੀਆਂ ਜੇਕਰ ਕੋਈ ਹੋਣ ------------------------------

ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਦਿੱਤਾ ਗਿਆ ਵੇਰਵਾ ਮੇਰੀ ਜਾਣਕਾਰੀ ਅਨੁਸਾਰ ਬਿਲਕੁੱਲ ਠੀਕ ਤੇ ਸਹੀ ਹੈ। ਇਸ ਵੇਰਵੇ ਵਿੱਚ ਕੋਈ ਸੂਚਨਾ ਜੇਕਰ ਗਲਤ ਸਾਬਤ ਹੋਵੇ, ਤਾਂ ਮੇਰਾ ਬਿਨੈ-ਪੱਤਰ ਰੱਦ ਕਰ ਦਿੱਤਾ ਜਾਵੇ।

(ਉਮੀਦਵਾਰ ਦੇ ਹਸਤਾਖਰ)

ਜ਼ਰੂਰੀ ਸੂਚਨਾਂ:

1. ਇਸ ਯੁਵਾ ਪੁਰਸਕਾਰ ਲਈ ਨਿਰਧਾਰਿਤ ਜ਼ਿਲ੍ਹਾ ਚੋਣ ਕਮੇਟੀ ਰਾਹੀਂ ਸਿਫਾਰਸ਼ ਕੀਤੀਆਂ ਅਰਜ਼ੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ।
2. ਜੇਕਰ ਉਮੀਦਵਾਰ ਦੁਆਰਾ ਕੋਈ ਗਲਤ ਸੂਚਨਾ ਜਾਂ ਸਰਟੀਫਿਕੇਟ ਦਿੱਤਾ ਜਾਂਦਾ ਹੈ, ਤਾਂ ਉਸ ਦਾ ਪੁਰਸਕਾਰ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।
3. ਜੇਕਰ ਲੋੜ ਪਵੇ, ਤਾਂ ਗਤੀਵਿਧੀਆਂ ਦੀ ਸੂਚੀ ਜੋ ਪ੍ਰੋਫਾਰਮੇਂ ਵਿੱਚ ਕਵਰ ਨਾ ਹੁੰਦੀ ਹੋਵੇ, ਵੱਖਰੇ ਤੌਰ ਤੇ ਲਗਾਈ ਜਾ ਸਕਦੀ ਹੈ।
4. ਉਮੀਦਵਾਰ ਵੱਲੋਂ ਪਿਛਲੇ 3 ਸਾਲਾਂ ਦੌਰਾਨ ਕੀਤੀਆਂ ਯੁਵਕ ਗਤੀਵਿਧੀਆਂ/ਸਮਾਜ ਸੇਵਾ ਨੂੰ ਤਰਜੀਹ ਦਿੱਤੀ ਜਾਵੇਗੀ ਅਤੇ ਉਹ ਆਉਣ ਵਾਲੇ ਸਾਲਾਂ ਵਿੱਚ ਵੀ ਯੁਵਕ ਗਤੀਵਿਧੀਆਂ/ਸਮਾਜ ਸੇਵਾ ਵਿੱਚ ਰੁਚੀ ਰੱਖਦਾ/ਰੱਖਦੀ ਹੋਵੇ।
5. ਯੁਵਕ ਗਤੀਵਿਧੀਆਂ ਸਬੰਧੀ ਸਵੈ ਤਸਦੀਕ ਸਰਟੀਫਿਕੇਟ/ਦਸਤਾਵੇਜਾਂ ਦੀਆਂ ਫੋਟੋਕਾਪੀਆਂ ਨਾਲ ਨੱਥੀ ਕੀਤੀਆ ਜਾਣ। ਦਸਤਾਵੇਜ਼ ਨਾ ਲਗਾਉਣ ਦੀ ਸੂਰਤ ਵਿੱਚ ਅਰਜੀ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।
6. ਉਮੀਦਵਾਰ ਬਿਨੈ-ਪੱਤਰ ਨਾਲ ਲੱਗਭਗ 200 ਸ਼ਬਦਾਂ ਦਾ ਗਤੀਵਿਧੀਆਂ ਸਬੰਧੀ ਨਿੱਜੀ ਬਿਓਰਾ ਨੱਥੀ ਕਰੇਗਾ।